# ਕਾਨਫ਼ਰੰਸ ਰਿਪੋਰਟ 2024

10 ਵੀਂ ਵਰਲਡ ਪੰਜਾਬੀ ਕਾਨਫਰੰਸ ਜਿਸ ਦਾ ਆਯੋਜਨ ਮਿਤੀ 5 ਤੋਂ 7 ਜੁਲਾਈ 2024 ਐਡਰੇਲੀਆ, ਜਿਮ ਆਰਚਡੇਕਿਨ ਰੀਕ੍ਰਿਏਸ਼ਨ ਸੈਂਟਰ ਤੇ ਸੈਂਚੁਰੀ ਗਾਰਡਨ ਰੀਕ੍ਰਿਏਸ਼ਨ ਸੈਂਟਰ ਬਰੈਂਪਟਨ ਕੈਨੇਡਾ ਵਿਖੇ ਪੰਜਾਬੀ ਬਿਜ਼ਨਸ ਪ੍ਰੋਫੈਸ਼ਨਲ ਐਸੋਸੀਏਸ਼ਨ ਕੈਨੇਡਾ, ਜਗਤ ਪੰਜਾਬੀ ਸਭਾ ਤੇ ਉਨਟਾਰੀਓ ਫਰੈਂਡ ਕਲੱਬ ਦੇ ਸਾਂਝੇ ਉੱਦਮ ਨਾਲ ਕੀਤਾ ਗਿਆ।

ਇਸ ਕਾਨਫ਼ਰੰਸ ਨੇ ਭਾਰਤ ਤੋਂ ਬਾਹਰ ਹੋਣ ਵਾਲੀਆਂ ਕਾਨਫ਼ਰੰਸਾਂ ਵਿੱਚ ਆਪਣੀ ਵਿਲੱਖਣ ਪਛਾਣ ਸਥਾਪਿਤ ਕੀਤੀ ਹੈ। ਵਰਲਡ ਪੰਜਾਬੀ ਕਾਨਫਰੰਸ ਹਮੇਸ਼ਾ ਆਪਣੀ ਕਾਰਵਾਈ ਨੂੰ ਹਮੇਸ਼ਾ ਦਸਤਾਵੇਜ਼ੀ ਰੂਪ ਵਿੱਚ ਸੰਭਾਲ ਦੀ ਆਈ ਹੈ। ਵਰਲਡ ਪੰਜਾਬੀ ਕਾਨਫ਼ਰੰਸ ਦੇ ਸ਼ੁਰੂਆਤ ਤੋਂ ਸ੍ਰ. ਅਜੈਬ ਸਿੰਘ ਚੱਠਾ ਚੇਅਰਮੈਨ ਰਹੇ ਹਨ ਜੋ ਮੁੱਖ ਆਯੋਜਕ ਵਜੋਂ ਆਪਣੀਆਂ ਨਿਰੰਤਰ ਸੇਵਾ ਨਿਭਾਉਂਦੇ ਆ ਰਹੇ ਹਨ। ਇਸ ਕਾਨਫਰੰਸ ਦੇ ਉਦਘਾਟਨੀ ਸਮਾਰੋਹ ਵਿੱਚ ਬਹੁਤ ਸਾਰੀਆਂ ਉੱਘੀਆਂ ਧਾਰਮਿਕ , ਸਮਾਜਿਕ ਤੇ ਰਾਜਨੀਤਿਕ ਸ਼ਖਸ਼ੀਅਤਾਂ ਨੇ ਸ਼ਿਰਕਤ ਕੀਤੀ ।

10 ਵੀਂ ਵਰਲਡ ਪੰਜਾਬੀ ਕਾਨਫ਼ਰੰਸ ਦਾ ਆਗਾਜ਼ ਮਿਤੀ 5 ਜੁਲਾਈ ਤੋਂ ਐਂਡਰੇਲੀਆ ਦੇ ਖਚਾ-ਖਚ ਭਰੇ ਹਾਲ ਵਿੱਚ ਵੱਖ-ਵੱਖ ਦੇਸ਼ਾਂ ਤੋਂ ਆਏ ਡੈਲੀਗੇਟਸ ਦੀ ਹਾਜ਼ਰੀ ਵਿੱਚ ਆਰੰਭ ਹੋਇਆ। ਡਾ. ਇੰਦਰਵੀਰ ਸਿੰਘ ਨਿੱਜਰ ਪ੍ਰਧਾਨ ਚੀਫ਼ ਖ਼ਾਲਸਾ ਦੀਵਾਨ ਅੰਮ੍ਰਿਤਸਰ ਅਤੇ ਸਾਬਕਾ ਕੈਬਨਿਟ ਮੰਤਰੀ ਪੰਜਾਬ ਸਰਕਾਰ ਨੇ ਰਿਬਨ ਕੱਟਣ ਦੀ ਰਸਮ ਅਦਾ ਕੀਤੀ।

ਇਸ ਸਮੇਂ ਸ੍ਰ.ਅਜੈਬ ਸਿੰਘ ਚੱਠਾ ਚੇਅਰਮੈਨ, ਸ੍ਰ. ਅਮਰ ਸਿੰਘ ਭੁੱਲਰ ਸਰਪ੍ਰਸਤ, ਡਾ. ਸੰਤੋਖ ਸਿੰਘ ਸੰਧੂ ਸਕੱਤਰ, ਸਰਦੂਲ ਸਿੰਘ ਥਿਆੜਾ ਪ੍ਰਧਾਨ ਜਗਤ ਪੰਜਾਬੀ ਸਭਾ, ਡਾ.ਰਮਨੀ ਬੱਤਰਾ ਪ੍ਰਧਾਨ ਪੱਬਪਾ, ਬਲਵਿੰਦਰ ਕੌਰ ਚੱਠਾ ਮੀਤ ਪ੍ਰਧਾਨ ਪੱਬਪਾ ਤੇ ਹੋਰ ਮੈਂਬਰ ਸਾਹਿਬਾਨ ਮੌਜੂਦ ਸਨ। ਕਾਨਫ਼ਰੰਸ ਦੇ ਪਹਿਲੇ ਦਿਨ ਮੁੱਖ ਮਹਿਮਾਨ ਵਜੋਂ ਡਾ. ਇੰਦਰਬੀਰ ਸਿੰਘ ਨਿੱਜਰ ਤੇ ਡਿਪਟੀ ਮੇਅਰ ਬਰੈਂਮਪਟਨ ਹਰਕੀਰਤ ਸਿੰਘ ਨੇ ਸ਼ਿਰਕਤ ਕੀਤੀ।

ਸਵਾਗਤੀ ਸੈਸ਼ਨ ਦੀ ਪ੍ਰਧਾਨਗੀ ਜਗਤ ਪੰਜਾਬੀ ਸਭਾ ਦੇ ਪ੍ਰਧਾਨ ਸਰਦੂਲ ਸਿੰਘ ਥਿਆੜਾ ਨੇ ਕੀਤੀ। ਸਵਾਗਤੀ ਭਾਸ਼ਣ 'ਚ ਓਐਂਫਸੀ ਦੇ ਪ੍ਰਧਾਨ ਡਾ. ਸੰਤੋਖ ਸਿੰਘ ਸੰਧੂ ਨੇ ਸੰਬੋਧਨ ਕਰਦਿਆਂ ਕਾਨਫਰੰਸ ਵਿੱਚ ਸ਼ਾਮਿਲ ਮਹਿਮਾਨਾਂ, ਡੇਲੀਗੇਟਸ ਤੇ ਸਮੂਹ ਦਰਸ਼ਕਾਂ ਦੇ ਪਹੁੰਚਣ 'ਤੇ ਜੀ ਆਇਆਂ ਆਖਿਆ ਅਤੇ ਪਹਿਲੀਆਂ ਨੌਂ ਵਰਲਡ ਪੰਜਾਬੀ ਕਾਨਫ਼ਰੰਸਾਂ ਦੇ ਇਤਿਹਾਸ 'ਤੇ ਚਾਨਣਾ ਪਾਇਆ। ਉਨ੍ਹਾਂ ਕਾਨਫਰੰਸ ਦੇ ਨਿਯਮਾਂ ਤੋਂ ਜਾਣੂ ਕਰਵਾਇਆ। ਦਲਜੀਤ ਕੌਰ ਸੰਧੂ ਵੱਲੋਂ ਜਗਤ ਪੰਜਾਬੀ ਸਭਾ ਦੀਆਂ ਗਤੀਵਿਧੀਆਂ ਬਾਰੇ ਗੱਲਬਾਤ ਕਰਦਿਆਂ ਆਖਿਆ ਕਿ ਨੌਂ ਕਾਨਫ਼ਰੰਸਾਂ ਸਦਕਾ ਜਗਤ ਪੰਜਾਬੀ ਸਭਾ ਵੱਲੋਂ ਨੈਤਿਕਤਾ, ਕਾਇਦਾ-ਏ-ਨੂਰ , ਜ਼ਿੰਦਗੀ ' ਚ ਕਿਵੇਂ ਖੁਸ਼ ਰਹਿਣਾ, ਭਾਸ਼ਣ ਦੇਣਾ ਇੱਕ ਕਲਾ ਹੈ ਆਦਿ ਵੱਡਮੁੱਲੀਆਂ ਕਿਤਾਬਾਂ ਤੇ 101 ਪੰਜਾਬੀਆਂ ਦਾ ਸਨਮਾਨ ਇੰਨ੍ਹਾਂ ਕਾਨਫਰੰਸਾਂ ਦੀ ਦੇਣ ਹੈ । ਕਾਨਫ਼ਰੰਸ 'ਚ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ ਡਾ. ਇੰਦਰਵੀਰ ਸਿੰਘ ਨਿੱਜਰ ਨੇ ਜਗਤ ਪੰਜਾਬੀ ਸਭਾ ਦੀਆਂ ਗਤੀਆਂ ਵਿਧੀਆਂ ਦੀਆਂ ਸਲਾਘਾ ਕਰਦਿਆਂ ਨੈਤਿਕ ਕਦਰਾਂ ਕੀਮਤਾਂ ਦੀ ਗੱਲ ਕੀਤੀ। ਉਨ੍ਹਾਂ ਦੱਸਿਆ ਕਿ ਕ਼ਾਇਦਾ ਏ ਨੂਰ ਚੀਫ਼ ਖ਼ਾਲਸਾ ਦੇ ਸਾਰੇ ਸਕੂਲਾਂ ਦੇ ਪ੍ਰਿੰਸੀਪਲ ਦਫਤਰਾਂ ਤੱਕ ਪਹੁੰਚ ਚੁੱਕਾ ਹੈ। ਉਨ੍ਹਾਂ ਕਿਹਾ ਕਿ ਹਰੇਕ ਵਿਅਕਤੀ ਅਗਰ ਜ਼ਿੰਦਗੀ ਵਿੱਚ ਖੁਸ਼ ਰਹਿਣਾ ਚਾਹੁੰਦਾ ਹੈ ਤਾਂ ਉਹ ਪਰਮਾਤਮਾ ਦਾ ਭਾਣਾ ਮੰਨ ਕੇ ਹੀ ਖੁਸ਼ ਰਹਿ ਸਕਦਾ ਹੈ । ਇਸ ਸਮੇਂ ਬਲਵਿੰਦਰ ਕੌਰ ਚੱਠਾ ਵੱਲੋਂ ਸੰਪਾਦਕ ਕਿਤਾਬ ਨੈਤਿਕਤਾ ਵੀ ਰਿਲੀਜ਼ ਕੀਤੀ ਗਈ। ਬਰੈਂਮਪਟਨ ਦੇ ਡਿਪਟੀ ਮੇਅਰ ਹਰਕੀਰਤ ਸਿੰਘ ਨੇ ਸੰਬੋਧਨ ਕਰਦਿਆਂ ਆਖਿਆ ਕਿ ਅੱਜ ਬਰੈਂਮਪਟਨ ਇੱਕ ਮਿੰਨੀ ਪੰਜਾਬ ਬਣ ਚੁੱਕਿਆ ਹੈ ਅਤੇ ਜਗਤ ਪੰਜਾਬੀ ਸਭਾ ਪੰਜਾਬੀ, ਪੰਜਾਬੀਅਤ ਦੀ ਪ੍ਰਫੁੱਲਤਾ ਲਈ ਹਮੇਸ਼ਾ ਹੀ ਸ਼ਲਾਘਾਯੋਗ ਉਪਰਾਲੇ ਕਰਦੀ ਰਹੀ ਹੈ। ਇਸ ਤੋਂ ਇਲਾਵਾ ਕੌਂਸਲਰ ਗੁਰਪ੍ਰਤਾਪ ਸਿੰਘ, ਕੌਂਸਲਰ ਪੋਲ , ਐੱਮਪੀ ਰੂਬੀ ਸਹੋਤਾ, ਐੱਮਪੀਪੀ ਹਰਦੀਪ ਸਿੰਘ ਨੇ ਮਹਿਮਾਨਾਂ ਵਜੋਂ ਸ਼ਿਰਕਤ ਕੀਤੀ।

ਦੂਜੇ ਸੈਸ਼ਨ ਦੀ ਪ੍ਰਧਾਨਗੀ ਪੱਬਪਾ ਦੇ ਪ੍ਰਧਾਨ ਡਾ. ਰਮਨੀ ਬੱਤਰਾ ਕੀਤੀ । ਵਰਲਡ ਪੰਜਾਬੀ ਕਾਨਫ਼ਰੰਸ ਦੇ ਚੇਅਰਮੈਨ ਡਾ.ਅਜੈਬ ਸਿੰਘ ਚੱਠਾ ਨੇ ਕਾਨਫਰੰਸ ਹਾਲ 'ਚ ਹਾਜ਼ਰੀਨ ਦਰਸ਼ਕਾਂ ਦਾ ਧੰਨਵਾਦ ਕਰਦਿਆਂ ਕਾਨਫ਼ਰੰਸ ਦੇ ਵਿਸ਼ੇ ਪੰਜਾਬੀ ਭਾਸ਼ਾ ਦਾ ਭਵਿੱਖ ਤੇ ਲੋਕ ਨਾਇਕ ਬਾਰੇ ਗੱਲ ਕੀਤੀ। ਡਾ. ਸਤਨਾਮ ਸਿੰਘ ਜੱਸਲ ਨੇ ਕਾਨਫਰੰਸ ਨੇ ਕੂੰਜੀਵਤ ਭਾਸ਼ਣ 'ਚ ਪੰਜਾਬੀ ਭਾਸ਼ਾ ਦੀ ਸਥਿਤੀ ਸੰਭਾਵਨਾਵਾਂ ਚੁਣੌਤੀਆਂ ਤੇ ਭਵਿੱਖ ਅਤੇ ਵਿਭਿੰਨ ਖੇਤਰਾਂ ਦੇ ਅਣਗੌਲੇ ਨਾਇਕਾਂ ਬਾਰੇ ਚਰਚਾ

Edit with WPS Office

ਕੀਤੀ। ਵਰਲਡ ਪੰਜਾਬੀ ਕਾਨਫ਼ਰੰਸ ਦੇ ਪ੍ਰਧਾਨ ਤਰਲੋਚਨ ਸਿੰਘ ਅਟਵਾਲ ਨੇ ਦੇਸ਼ਾਂ-ਵਿਦੇਸ਼ਾਂ ਤੋਂ ਆਏ ਡੈਲੀਗੇਟਜ ਤੇ ਹਾਜ਼ਰੀਨ ਦਰਸ਼ਕਾਂ ਦਾ ਧੰਨਵਾਦ ਕਰਦਿਆਂ ਆਖਿਆ ਕਿ ਅਸੀਂ ਪੰਜਾਬੀ ਭਾਸ਼ਾ ਦੇ ਸਕਾਰਾਤਮਿਕ ਵਿਕਾਸ ਲਈ ਹਮੇਸ਼ਾ ਯਤਨਸ਼ੀਲ ਰਹੇ ਹਾਂ। ਇਸ ਤੋਂ ਇਲਾਵਾ ਅਮਰ ਸਿੰਘ ਭੁੱਲਰ ਸਰਪ੍ਰਸਤ, ਤਾਹਿਰ ਅਸਲਮ ਗੋਰਾ, ਅਫ਼ਜ਼ਲ ਰਾਜ, ਪਿਆਰਾ ਸਿੰਘ ਕੁੱਦੋਵਾਲ ਤੇ ਡਾ. ਸਾਈਮਾ ਇਰਮ ਨੇ ਆਪਣੇ ਵਿਚਾਰ ਸਾਂਝੇ ਕੀਤੇ। ਇਨ੍ਹਾਂ ਸ਼ੈਸ਼ਨਾਂ ਦੌਰਾਨ ਜਗਤ ਪੰਜਾਬੀ ਸਭਾ ਦੇ ਹੁਣ ਤੱਕ ਕੀਤੇ ਕਾਰਜਾਂ, ਕਾਨਫ਼ਰੰਸ ਦੇ ਸਹਿਯੋਗੀ, ਨੈਤਿਕਤਾ, ਡਾ. ਇੰਦਰਵੀਰ ਸਿੰਘ ਨਿੱਜਰ ਅਤੇ ਕ਼ਾਇਦਾ ਏ ਨੂਰ 5 ਵੱਖ-ਵੱਖ ਵਿਸ਼ਿਆਂ 'ਤੇ ਡਾਕੂਮੈਂਟਰੀਆਂ ਵੀ ਦਿਖਾਈਆਂ ਗਈਆਂ। ਦੂਜੇ ਸੈਸ਼ਨ ਤੋਂ ਬਾਅਦ ਸੰਗੀਤਕ ਸੈਸ਼ਨ ਦੀ ਸ਼ੁਰੂਆਤ ਹੋਈ। ਜਿਸ ਵਿੱਚ ਪਿਆਰਾ ਸਿੰਘ ਕੁੱਦੋਵਾਲ ਤੇ ਡਾ. ਦਲਜੀਤ ਕੌਰ ਸੰਧੂ ਨੇ ਆਪਣੀਆਂ ਕਵਿਤਾਵਾਂ ਪੇਸ਼ ਕੀਤੀਆਂ । ਕਾਨਫਰੰਸ ਪ੍ਰਬੰਧਕ ਕਮੇਟੀ ਵੱਲੋਂ ਪਹੁੰਚੇ ਮਹਿਮਾਨਾਂ ਨੂੰ ਸਨਮਾਨਿਤ ਚਿੰਨ ਭੇਂਟ ਕੀਤੇ।

ਕਾਨਫਰੰਸ ਦੇ ਦੂਜੇ ਦਿਨ ਦੀ ਸ਼ੁਰੂਆਤ ਸ਼ਮਾਂ-ਰੋਸ਼ਨ ਨਾਲ ਹੋਈ। ਓਐੱਫਸੀ ਦੇ ਪ੍ਰਧਾਨ ਡਾ. ਸੰਤੋਖ ਸਿੰਘ ਸੰਧੂ ਵੱਲੋਂ ਕਾਨਫ਼ਰੰਸ ਦੇ ਨਿਯਮਾਂ ਤੋਂ ਜਾਣੂ ਕਰਵਾਇਆ।

ਪਹਿਲੇ ਅਕਾਦਮਿਕ ਸੈਸ਼ਨ ਦੀ ਪ੍ਰਧਾਨਗੀ ਪਿਆਰਾ ਸਿੰਘ ਕੁੱਦੋਵਾਲ ਕੀਤੀ। ਧਰਮ ਸਿੰਘ ਗੁਰਾਇਆ ਨੇ ਲੋਕ ਨਾਇਕ ਦੁੱਲਾ ਭੱਟੀ, ਸੰਤੋਖ ਸਿੰਘ ਜੱਸੀ ਨੇ ਪੰਜਾਬੀ ਭਾਸ਼ਾ ਦਾ ਭਵਿੱਖ, ਅਫਜ਼ਲ ਰਾਜ ਨੇ ਪੰਜਾਬੀ ਭਾਸ਼ਾ ਦੀ ਅੰਤਰਰਾਸ਼ਟਰੀ ਪੱਧਰ ਤੇ ਸਥਿਤੀ ਤੇ ਭਵਿੱਖ, ਅਮਰਜੀਤ ਸਿੰਘ ਚਹਿਲ ਨੇ ਪੰਜਾਬੀ ਭਾਸ਼ਾ ਦਾ ਇਤਿਹਾਸਿਕ ਪਿਛੋਕੜ, ਭੱਵਿਖ ਅਤੇ ਪਿਆਰਾ ਸਿੰਘ ਕੁੱਦੋਵਾਲ ਨੇ ਲੋਕ ਨਾਇਕ ਬਾਬਾ ਬੰਦਾ ਸਿੰਘ ਬਹਾਦਰ ਬਾਰੇ ਆਪਣੇ ਖੋਜ ਪੱਤਰ ਪੇਸ਼ ਕੀਤੇ ਪਹਿਲਾ ਸੈਸ਼ਨ ਆਪਣੀ ਸਮਾਂ ਸੀਮਾ ਮੁਤਾਬਿਕ ਨੇਪਰੇ ਚੜ੍ਹਿਆ।

ਦੂਜੇ ਅਕਾਦਮਿਕ ਸੈਸ਼ਨ ਦੀ ਪ੍ਰਧਾਨਗੀ ਡਾ. ਸੰਤੋਖ ਸਿੰਘ ਸੰਧੂ ਨੇ ਕੀਤੀ। ਜਿਸ 'ਚ ਸੁਖਵਿੰਦਰ ਸਿੰਘ ਅਰੋੜਾ ਨੇ ਪੰਜਾਬੀ ਭਾਸ਼ਾ ਦੀਆਂ ਚੁਣੌਤੀਆਂ ਤੇ ਭਵਿੱਖ, ਡਾ. ਇਕਬਾਲ ਸ਼ਾਹਿਦ ਨੇ ਵਰਲਡ ਪੰਜਾਬੀ ਕਾਨਫ਼ਰੰਸਾਂ ਦੇ ਇਤਿਹਾਸ ਦੀ ਗੱਲ ਕਰਦਿਆਂ ਸ੍ਰ. ਅਜੈਬ ਸਿੰਘ ਚੱਠਾ ਦੀ ਯੋਗ ਅਯੋਜਕ ਵਜੋਂ ਪ੍ਰਸ਼ੰਸਾ ਕੀਤੀ। ਉਨ੍ਹਾਂ ਪੰਜਾਬੀ ਸਾਹਿਤਕਾਰਾਂ ਦਾ ਪੰਜਾਬੀ ਭਾਸ਼ਾ ਨੂੰ ਦਿੱਤੇ ਸਾਹਿਤਕ ਯੋਗਦਾਨ ਦੀ ਗੱਲ ਕੀਤੀ। ਪੰਜਾਬੀ ਨਾਇਕਾਂ ਦੀ ਗੱਲ ਕਰਦਿਆਂ ਬਾਬਾ ਬੁੱਲੇ ਸ਼ਾਹ, ਮੁਹੰਮਦ ਸਾਈ ਬਖਸ਼, ਅੰਮ੍ਰਿਤਾ ਪ੍ਰੀਤਮ, ਅਬਦੁੱਲਾ ਸਾਬੂ, ਫ਼ਾਰੂਕ ਲੋਧੀ ਤੇ ਰਿਆਜ਼ ਨੂੰ ਪੰਜਾਬੀ ਨਾਇਕਾਂ ਵਜੋਂ ਪਰਿਭਾਸ਼ਿਤ ਕੀਤਾ। ਡਾ. ਗੁਰਰਾਜ ਸਿੰਘ ਚਹਿਲ ਨੇ ਨੌਜਵਾਨ ਪੀੜ੍ਹੀ ਦੇ ਸੰਦਰਭ ਪੰਜਾਬੀ ਭਾਸ਼ਾ ਦੇ ਭਵਿੱਖ ਦੀ ਗੱਲ ਕਰਦਿਆਂ ਨੌਜਵਾਨ ਪੀੜੀ ਨੂੰ ਨਾਕਾਰਾਤਮਿਕ ਗੀਤਾਂ ਤੋਂ ਬਚਾਉਣ ਅਤੇ ਆਦਰਸ਼ ਨਾਇਕਾਂ ਬਾਰੇ ਜਾਣੂ ਕਰਵਾਉਣ ਦਾ ਹੰਬਲਾ ਮਾਰਨ ਦੀ ਗੱਲ ਕੀਤੀ। ਜਗਵਿੰਦਰ ਸਿੰਘ ਸਿੱਧੂ ਵੱਲੋਂ ਅਲਬਰਟ ਵਿੱਚ ਪੰਜਾਬੀ ਭਾਸ਼ਾ ਨੂੰ ਪ੍ਰਮਾਣਿਤ ਭਾਸ਼ਾ ਦਾ ਦਰਜਾ ਦਿਵਾਉਣ ਅਤੇ ਨੌਜਵਾਨ ਪੀੜ੍ਹੀ ਵੱਲੋਂ ਪੰਜਾਬੀ ਭਾਸ਼ਾ ਪ੍ਰਤੀ ਨਜ਼ਰੀਏ ਨੂੰ ਇੱਕ ਦ੍ਰਿਸ਼ਟੀ ਬਿੰਦੂ 'ਤੇ ਕੇਂਦਰਿਤ ਕੀਤਾ ਗਿਆ। ਜਸਬੀਰ ਕੌਰ ਗਰੇਵਾਲ ਨੇ ਪੰਜਾਬੀ ਭਾਸ਼ਾ ਦਾ ਭਵਿੱਖ ਦੀ ਗੱਲ ਕਰਦਿਆਂ ਪੰਜਾਬੀ ਭਾਸ਼ਾ ਦੀ ਸ਼ਬਦਾਵਲੀ ਨੂੰ ਸੰਭਾਲਣ ਦੀ ਲੋੜ 'ਤੇ ਜ਼ੋਰ ਦਿੱਤਾ। ਆਸਾ ਸਿੰਘ ਘੁੰਮਣ ਨੇ ਪੰਜਾਬੀ ਨਾਇਕ ਦੀ ਗੱਲ ਕਰਦਿਆਂ ਸੰਤ ਬਲਵੀਰ ਸਿੰਘ ਸੀਚੇਵਾਲ ਨੂੰ ਵਾਤਾਵਰਨ ਦੇ ਨਾਇਕ ਵਜੋਂ ਉਨ੍ਹਾਂ ਦੇ ਸਮਾਜਿਕ ਤੇ ਵਾਤਾਵਰਨ ਯੋਗਦਾਨਾਂ ਦੀ ਚਰਚਾ ਕੀਤੀ ।

ਤੀਜੇ ਅਕਾਦਮਿਕ ਸੈਸ਼ਨ ਦੀ ਪ੍ਰਧਾਨਗੀ ਤਾਹਿਰ ਅਸਲਮ ਗੋਰਾ ਨੇ ਕੀਤੀ। ਉਨ੍ਹਾਂ ਆਖਿਆ ਕਿ ਪੰਜਾਬੀ ਵਿਰਾਸਤ 'ਚ ਸਿਰਫ਼ ਨਾਇਕ ਹੀ ਨਹੀਂ ਬਲਕਿ ਨਾਇਕਾਵਾਂ ਦਾ ਵੀ ਅਹਿਮ ਯੋਗਦਾਨ ਰਿਹਾ ਹੈ। ਸਹਿਜ ਕੌਰ ਨੇ ਸਿੱਖ ਨਾਇਕਾਵਾਂ ਵਿੱਚ ਮਾਈ ਭਾਗੋ ਦੀ ਵਿਲੱਖਣ ਸ਼ਖਸ਼ੀਅਤ ਤੇ ਕੁਰਬਾਨੀਆਂ ਦੀ ਚਰਚਾ ਕੀਤੀ। ਗੁਰਿੰਦਰ ਸਿੰਘ ਕਲਸੀ ਨੇ ਪੰਜਾਬੀ ਭਾਸ਼ਾ ਦੀ ਵਿਸ਼ਾਲਤਾ ਦੀ ਗੱਲ ਕਰਦਿਆਂ ਰੁਜ਼ਗਾਰ ਦੇ ਸਾਧਨਾਂ ਵਜੋਂ ਪੰਜਾਬੀ ਭਾਸ਼ਾ ਵਜੋਂ ਸਥਾਪਿਤ ਕਰਨ ਤੇ ਜ਼ੋਰ ਦਿੱਤਾ। ਸਤਿੰਦਰ ਸਿੰਘ ਹੋਠੀ ਨੇ ਪੰਜਾਬੀ ਭਾਸ਼ਾ ਦੇ ਭਵਿੱਖ ਪ੍ਰਤੀ ਖਤਰਿਆਂ ਦਾ ਹਵਾਲਾ ਦਿੰਦਿਆਂ ਪੰਜਾਬੀ ਦੀ ਵਿਸ਼ਾਲਤਾ ਦੀ ਗੱਲ ਕੀਤੀ। ਰਮਿੰਦਰ ਵਾਲੀਆ ਨੇ ਪੰਜਾਬੀ ਨਾਇਕ ਵਜੋਂ ਡਾ. ਸਹਿਮਵੀਰ ਦੀ ਵੱਖ-ਵੱਖ ਸਿੱਖਿਆ ਸੰਸਥਾਵਾਂ ਵਿੱਚੋਂ 35 ਡਿਗਰੀਆਂ ਪ੍ਰਾਪਤ ਕਰਕੇ ਪੰਜਾਬੀ ਅਤੇ ਪੰਜਾਬੀਅਤ ਦਾ ਨਾਂ ਰੌਸ਼ਨ ਕੀਤਾ। ਡਾ. ਸੋਲਮਨ ਨਾਜ਼ ਨੇ ਪੰਜਾਬੀ ਭਾਸ਼ਾ ਦੀ ਸਥਿਤੀ ਤੇ ਭਵਿੱਖ ਬਾਰੇ ਗੱਲ ਕਰਦਿਆਂ ਆਖਿਆ ਕਿ ਪੰਜਾਬੀ ਲੇਖਕਾਂ ਦੀਆਂ ਅਨੇਕਾਂ ਹੀ ਖੋਜ ਅਧਾਰਿਤ ਕਿਤਾਬਾਂ ਆਰਥਿਕਤਾ ਦੀ ਕਮੀ ਕਾਰਨ ਪ੍ਰਕਾਸ਼ਿਤ ਹੋਣ ਤੋਂ ਰਹਿ ਜਾਂਦੀਆਂ ਹਨ। ਜਿਸ ਕਾਰਨ ਪੰਜਾਬੀ ਦਾ ਪਸਾਰ 'ਤੇ ਅਸਰ ਪੈਂਦਾ ਹੈ।

Edit with WPS Office

ਚੌਥੇ ਅਕਾਦਮਿਕ ਸੈਸ਼ਨ ਦੇ ਸੰਚਾਲਨ ਦੀ ਪ੍ਰਧਾਨਗੀ ਸਰਦੂਲ ਸਿੰਘ ਥਿਆੜਾ ਨੇ ਕੀਤੀ। ਜਿਸ 'ਚ ਬਾਲ ਮੁਕੰਦ ਸ਼ਰਮਾ ਨੇ ਪੰਜਾਬੀ ਭਾਸ਼ਾ ਦੀ ਪ੍ਰਫੁੱਲਤਾ ਲਈ ਵਰਲਡ ਪੰਜਾਬੀ ਕਾਨਫਰੰਸਾਂ ਦੇ ਯੋਗਦਾਨ ਦੀ ਗੱਲ ਕੀਤੀ। ਨੈਨਸੀ ਨੇ ਪੰਜਾਬੀ ਖਾਣ-ਪਾਣ ਦੇ ਵਿਸ਼ੇ ਵਿਚਾਰ ਚਰਚਾ ਕੀਤੀ। ਕੰਚਨ ਸ਼ਰਮਾ ਨੇ ਪੰਜਾਬੀ ਮਾਂ ਬੋਲੀ ਦੀ ਜੀਵਨ ਵਿੱਚ ਅਹਿਮੀਅਤ ਦੀ ਗੱਲ ਕਰਦਿਆਂ ਆਖਿਆ ਕਿ ਅਸੀਂ ਆਪਣੀਆਂ ਭਾਵਨਾਵਾਂ ਨੂੰ ਆਪਣੀ ਮਾਤ ਭਾਸ਼ਾ ਵਿੱਚ ਹੀ ਵਧੀਆ ਤਰੀਕੇ ਨਾਲ ਸੰਚਾਰਿਤ ਕਰ ਸਕਦੇ ਹਾਂ। ਇਸਤੂਫਾਰ ਚੌਧਰੀ ਨੇ 10 ਵੀਂ ਵਰਲਡ ਪੰਜਾਬੀ ਕਾਨਫ਼ਰੰਸ 'ਤੇ ਸਮੁੱਚੀ ਟੀਮ ਨੂੰ ਵਧਾਈ ਦਿੰਦਿਆਂ ਆਖਿਆ ਕਿ ਪੰਜਾਬੀ ਭਾਸ਼ਾ ਦੀ ਪ੍ਰਫੁੱਲਤਾ ਕੀਤੇ ਕਾਰਜਾਂ ਦੀ ਸ਼ਲਾਘਾ ਕੀਤੀ। ਪ੍ਰਿੰ. ਕਰਮ ਚੰਦ 10 ਵੀਂ ਵਰਲਡ ਪੰਜਾਬੀ ਕਾਨਫ਼ਰੰਸ ਦੇ ਦੂਜੇ ਦਿਨ ਦੀਆਂ ਕਾਮਯਾਬੀ 'ਤੇ ਵਧਾਈ ਦਿੱਤੀ।

ਪੰਜਵੇਂ ਸੰਗੀਤਕ ਸੈਸ਼ਨ ਵਿੱਚ ਕਵੀ ਦਰਬਾਰ ਦਾ ਆਯੋਜਨ ਕੀਤਾ ਗਿਆ ਜਿਸ ਦਾ ਸੰਚਾਲਨ ਹਲੀਮਾ ਸਾਦੀਆ ਨੇ ਕੀਤਾ। ਇਸ ਕਵੀ ਦਰਬਾਰ ਵਿੱਚ ਡਾ. ਸਾਇਮਾ ਇਰਮ, ਡਾ. ਇਕਬਾਲ ਸ਼ਾਹਿਦ, ਰਾਜਵੰਤ ਬਾਜਵਾ ਨੇ ਕਾਨਫ਼ਰੰਸ ਹਾਲ ਨੂੰ ਕਾਵਿਕ ਰੰਗ ਵਿੱਚ ਰੰਗ ਦਿੱਤਾ। ਸਮੁੱਚੇ ਅਕਾਦਮਿਕ ਸੈਸ਼ਨਾਂ ਦੌਰਾਨ ਖੋਜ ਪੱਤਰ ਪੇਸ਼ ਕਰਨ ਵਾਲੇ ਸਕਾਲਰਾਂ ਨੂੰ ਵਰਲਡ ਪੰਜਾਬੀ ਕਾਨਫ਼ਰੰਸ ਦੇ ਸ੍ਰਰਪਸਤ ਅਮਰ ਸਿੰਘ ਭੁੱਲਰ, ਚੈਅਰਮੈਨ ਅਜੈਬ ਸਿੰਘ ਚੱਠਾ, ਸੈਕਟਰੀ ਡਾ. ਸੰਤੋਖ ਸਿੰਘ ਸੰਧੂ, ਜਗਤ ਪੰਜਾਬੀ ਸਭਾ ਦੇ ਪ੍ਰਧਾਨ ਸਰਦੂਲ ਸਿੰਘ ਥਿਆੜਾ ਦੁਆਰਾ ਸਰਟੀਫਿਕੇਟ ਭੇਂਟ ਕੀਤੇ ਗਏ। ਸਮੁੱਚੀ ਟੀਮ ਵੱਲੋਂ ਬਾਲ ਮੁਕੰਦ ਸ਼ਰਮਾ ਅਤੇ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਭਾਣਜੇ ਹਕੂਮਤ ਸਿੰਘ ਮੱਲੀ ਦਾ ਸਨਮਾਨ ਕੀਤਾ ਗਿਆ। ਕਾਨਫ਼ਰੰਸ ਦੇ ਦੂਜੇ ਦਿਨ ਦੀ ਸਮਾਪਤੀ ਤੇ ਧੰਨਵਾਦ ਪੰਜਾਬੀਅਤ ਦੇ ਭਵਿੱਖ ਅਜਮੀਤ ਸਿੰਘ ਚੱਠਾ ਅਤੇ ਸ਼ਾਹਰ ਸਿੰਘ ਚੌਹਾਨ ਨੇ ਕੀਤਾ।

ਕਾਨਫ਼ਰੰਸ ਦੇ ਤੀਜੇ ਦਿਨ ਦੀ ਸ਼ੁਰੂਆਤ ਬਲਵਿੰਦਰ ਸਿੰਘ ਚੱਠਾ ਦੇ ਰਿਬਨ ਕੱਟਣ ਨਾਲ ਹੋਈ । ਵਰਲਡ ਪੰਜਾਬੀ ਕਾਨਫ਼ਰੰਸ ਦੇ ਸਰਪ੍ਰਸਤ ਅਮਰ ਸਿੰਘ ਭੁੱਲਰ, ਹਰਭਜਨ ਸਿੰਘ ਥਿੰਦ, ਅਮਰੀਕ ਸਿੰਘ ਸੰਘਾ, ਗੁਰਦਰਸ਼ਨ ਸਿੰਘ ਸੀਰਾ, ਹਰਜੀਤ ਸਿੰਘ ਬਾਜਵਾ ਅਤੇ ਸਵਰੀਨ ਕੌਰ ਢਿੱਲੋਂ ਨੇ ਸ਼ਮ੍ਹਾ ਰੋਸ਼ਨ ਦੀ ਰਸਮ ਅਦਾ ਕੀਤੀ ।

ਪਹਿਲੇ ਅਕਾਦਮਿਕ ਸੈਸ਼ਨ ਦੀ ਪ੍ਰਧਾਨਗੀ ਡਾ. ਸੰਤੋਖ ਸਿੰਘ ਸੰਧੂ ਨੇ ਕੀਤੀ ਉਨ੍ਹਾਂ ਕਾਨਫਰੰਸ ਦੇ ਦੋ ਦਿਨਾਂ ਦੀ ਕਾਮਯਾਬੀ ਲਈ ਸੁਹਿਰਦ ਸਾਥੀਆਂ ਦੀ ਪ੍ਰਸ਼ੰਸਾ ਕਰਦਿਆਂ ਰੋਜ਼ਾਨਾ ਦੀ ਤਰ੍ਹਾਂ ਕਾਨਫ਼ਰੰਸ ਦੇ ਨਿਯਮਾਂ ਬਾਰੇ ਜਾਣੂ ਕਰਵਾਇਆ। ਸੈਸ਼ਨ ਦੇ ਮਹਿਮਾਨ ਵਜੋਂ ਹਰਜੀਤ ਸਿੰਘ ਬਾਜਵਾ, ਸਵਰੀਨ ਕੌਰ ਢਿੱਲੋਂ, ਬਲਵਿੰਦਰ ਸਿੰਘ ਚੱਠਾ, ਹਕੂਮਤ ਸਿੰਘ ਮੱਲੀ, ਹਰਭਜਨ ਸਿੰਘ ਥਿੰਦ, ਅਜੈਬ ਸਿੰਘ ਗਰਚਾ ਸ਼ਾਮਿਲ ਹੋਏ। ਇਸ ਸੈਸ਼ਨ 'ਚ ਸੰਬੋਧਨ ਕਰਦਿਆਂ ਹਰਪਾਲ ਸਿੰਘ ਨੇ ਮਨੁੱਖੀ ਜੀਵਨ ਵਿੱਚ ਹਿੰਮਤ ਦੀ ਅਹਿਮੀਅਤ ਦੀ ਗੱਲ ਕਵਿਤਾ ਰਾਹੀਂ ਪੇਸ਼ ਕੀਤੀ, ਡਾ. ਇੰਦਰਜੀਤ ਕੌਰ ਨੇ ਪੰਜਾਬੀ ਭਾਸ਼ਾ ਦੇ ਵਿਦੇਸ਼ਾਂ 'ਚ ਵੱਧਦੇ ਪਾਸਾਰ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਅਮਰਜੀਤ ਸਿੰਘ ਚਹਿਲ ਨੇ ਵਰਲਡ ਪੰਜਾਬੀ ਕਾਨਫਰੰਸ ਦੀਆਂ ਗਤੀਵਿਧੀਆਂ ਦੀ ਸ਼ਲਾਘਾ ਕਰਦਿਆਂ ਸੁਝਾਅ ਦਿੱਤਾ ਕਿ ਪੰਜਾਬ ਦੇ ਵੱਖ ਵੱਖ ਸਕੂਲਾਂ ਨੂੰ ਤਰਤੀਬ 'ਚ ਵੰਡ ਕੇ ਵਰਲਡ ਪੰਜਾਬੀ ਕਾਨਫ਼ਰੰਸ ਦੀਆਂ ਸੰਸਥਾਵਾਂ ਵੱਲੋਂ ਪ੍ਰਕਾਸ਼ਿਤ ਕਿਤਾਬਾਂ ਦੇ ਅਧਾਰ 'ਤੇ ਵਿਦਿਆਰਥੀਆਂ ਵਿੱਚ ਪ੍ਰਤੀਯੋਗਤਾਵਾਂ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ। ਹਰਜੀਤ ਸਿੰਘ ਬਾਜਵਾ ਨੇ ਪੰਜਾਬੀ ਭਾਸ਼ਾ ਦੀ ਸਥਿਤੀ ਤੇ ਭਵਿੱਖ ਦੀ ਗੱਲ ਇਤਿਹਾਸਿਕ ਪਹਿਲੂਆਂ ਦੇ ਹਵਾਲੇ ਨਾਲ ਕੀਤੀ। ਅਜੈਬ ਸਿੰਘ ਗਰਚਾ ਨੇ ਪੰਜਾਬੀ ਲਈ ਕੀਤੇ ਵਿਭਿੰਨ ਉਪਰਾਲਿਆਂ ਦੀ ਚਰਚਾ ਕੀਤੀ। ਹਕੂਮਤ ਸਿੰਘ ਮੱਲੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬੀ ਦੀ ਵਿਸ਼ਵ ਪੱਧਰ ਤੇ ਆਪਣੀ ਵਿਲੱਖਣ ਪਹਿਚਾਣ ਹੈ ਅੱਜ ਪੰਜਾਬੀ ਖੇਡ ਦੇ ਖੇਤਰ ਵਿੱਚ ਪੰਜਾਬੀਅਤ ਦਾ ਨਾਂ ਅੰਤਰਰਾਸ਼ਟਰੀ ਪੱਧਰ ਤੇ ਸਥਾਪਿਤ ਕਰ ਰਹੇ ਹਨ। ਕਾਨਫ਼ਰੰਸ ਦੇ ਤੀਜੇ ਦਿਨ ਮੁੱਖ ਮਹਿਮਾਨ ਵਜੋਂ ਮੈਂਬਰ ਪਾਰਲੀਮੈਂਟ ਸੋਨੀਆ ਸਿੱਧੂ, ਮਨਿੰਦਰ ਸਿੱਧੂ ਅਤੇ ਵਿਸ਼ੇਸ਼ ਮਹਿਮਾਨ ਵਜੋਂ ਇੰਦਰਵੀਰ ਸਿੰਘ ਚੀਮਾ ਸ਼ਾਮਿਲ ਹੋਏ। ਸੈਸ਼ਨ ਦੀ ਸਮਾਪਤੀ ਤੋਂ ਬਾਅਦ ਡਾ. ਸਲੋਮਨ ਨਾਜ, ਡਾ. ਸਾਈਮਾ ਇਰਮ, ਡਾ.ਨਵੀਲਾ ਰਹਿਮਾਨ ਦੇ ਜੀਵਨ ਅਧਾਰਿਤ ਡਾਕੂਮੈਂਟਰੀਆਂ ਦਿਖਾਈਆਂ ਗਈਆਂ। ਵਰਲਡ ਪੰਜਾਬੀ ਕਾਨਫ਼ਰੰਸ ਦੀ ਸਮੁੱਚੀ ਟੀਮ ਵੱਲੋਂ ਸਮਾਜ ਵਿੱਚ ਪਾਏ ਅਹਿਮ ਤੇ ਵੱਡਮੁੱਲੇ ਯੋਗਦਾਨ 'ਤੇ "ਸਮਾਜ ਰਤਨ ਪੁਰਸਕਾਰ" ਵਜੋਂ ਬੰਤ ਸਿੰਘ ਨਿੱਜਰ, ਦਲਜੀਤ ਸਿੰਘ ਸਹੋਤਾ, ਅਵਤਾਰ ਸਿੰਘ ਮਨਹਾਸ, ਸਾਗਰਦੀਪ ਸਿੰਘ, ਗੁਰਮੁਖ ਸਿੰਘ ਬਾਠ, ਹਰਪਾਲ ਸਿੰਘ ਸਿੱਧੂ ਅਤੇ ਅਮਨਿੰਦਰ ਸਿੰਘ ਨੂੰ ਸਨਮਾਨਿਤ ਕੀਤਾ ਗਿਆ।

Edit with WPS Office

ਦੂਜੇ ਸੈਸ਼ਨ ਦੀ ਪ੍ਰਧਾਨਗੀ ਸਰਦੂਲ ਸਿੰਘ ਥਿਆੜਾ ਨੇ ਕੀਤੀ ਅਤੇ ਸੈਸ਼ਨ ਦੇ ਮਹਿਮਾਨ ਵਜੋਂ ਇੰਦਰਵੀਰ ਸਿੰਘ ਚੀਮਾ, ਅਮਰ ਸਿੰਘ ਭੁੱਲਰ, ਪਿਆਰਾ ਸਿੰਘ ਕੁੱਦੋਵਾਲ, ਤਰਲੋਚਨ ਸਿੰਘ ਅਟਵਾਲ, ਡਾ. ਸੰਤੋਖ ਸਿੰਘ ਸੰਧੂ, ਮੁਰਾਰੀ ਲਾਲ, ਐੱਮਪੀ ਮਨਿੰਦਰ ਸਿੰਘ ਸਿੱਧੂ, ਐੱਮਪੀ ਸੋਨੀਆ ਸਿੱਧੂ, ਬਾਲ ਮੁਕੰਦ ਸ਼ਰਮਾ, ਕੰਚਨ ਸ਼ਰਮਾ, ਡਾ. ਨਬੀਲਾ ਰਹਿਮਾਨ ਨੇ ਆਪਣੇ ਵਿਚਾਰ ਪੇਸ਼ ਕੀਤੇ । ਬਾਲ ਮੁਕੰਦ ਸ਼ਰਮਾ ਨੇ ਵਰਲਡ ਪੰਜਾਬੀ ਕਾਨਫ਼ਰੰਸ ਦੀ ਕਾਮਯਾਬੀ ਦੀ ਵਧਾਈ ਦਿੰਦਿਆਂ, ਹਰ ਸਾਲ ਕਾਨਫਰੰਸ ਵਿੱਚ ਪਹੁੰਚਣ ਦਾ ਵਾਅਦਾ ਕੀਤਾ। ਉਨ੍ਹਾਂ ਚੇਅਰਮੈਨ ਫੂਡ ਕਮਿਸ਼ਨ ਪੰਜਾਬ ਸਰਕਾਰ ਦੀ ਅਹਿਮੀਅਤ ਅਤੇ ਕੰਮਾਂ ਬਾਰੇ ਦੱਸਦਿਆਂ ਪੰਜਾਬੀ ਸੂਬੇ ਦੇ ਵੱਖ-ਵੱਖ ਉਤਪਾਦਾਂ ਨੂੰ ਵਿਸ਼ਵ ਦੇ ਕੋਨੇ ਕੋਨੇ ਤੱਕ ਪਹੁੰਚਾਉਣ ਲਈ ਚੁੱਕੇ ਕੇ ਬੀੜੇ ਬਾਰੇ ਚਾਨਣਾ ਪਾਇਆ। ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ ਇੰਦਰਵੀਰ ਸਿੰਘ ਚੀਮਾ ਨੇ ਕੈਨੇਡਾ 'ਚ ਵੱਸਦੇ ਪੰਜਾਬੀਆਂ ਦਾ ਪੰਜਾਬੀ ਭਾਸ਼ਾ ਵਿੱਚ ਪਾਏ ਯੋਗਦਾਨ ਦੀ ਪ੍ਰਸ਼ੰਸਾ ਕੀਤੀ। ਮੁਰਾਰੀ ਲਾਲ ਨੇ ਸੰਬੋਧਨ ਕਰਦਿਆਂ ਵਰਲਡ ਪੰਜਾਬੀ ਕਾਨਫ਼ਰੰਸ ਦੇ ਕਾਮਯਾਬੀ ਦੀ ਵਧਾਈ ਦਿੰਦਿਆਂ ਆਖਿਆ ਕਿ ਪੰਜਾਬੀਅਤ ਦਾ ਇਤਿਹਾਸ ਮਾਣ ਮੱਤਾ ਹੈ ਸਾਨੂੰ ਇਸ ਤੇ ਮਾਣ ਕਰਨਾ ਚਾਹੀਦਾ ਹੈ । ਇਸ ਮੌਕੇ ਓਂਨਟਾਰੀਓ ਖਾਲਸਾ ਦਰਬਾਰ ਦੇ ਪ੍ਰਧਾਨ ਹਰਪਾਲ ਸਿੰਘ ਦਾ ਕਾਨਫ਼ਰੰਸ ਵਿੱਚ ਪਹੁੰਚਣ 'ਤੇ ਸਵਾਗਤ ਅਤੇ ਸਮੁੱਚੀ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੂੰ ਸਨਮਾਨ ਕੀਤਾ ਗਿਆ

ਕਾਨਫ਼ਰੰਸ ਸਰਪ੍ਰਸਤ ਅਮਰ ਸਿੰਘ ਭੁੱਲਰ ਨੇ ਕਾਨਫ਼ਰੰਸ ਵਿੱਚ ਸ਼ਾਮਿਲ ਦਰਸ਼ਕਾਂ ਦਾ ਧੰਨਵਾਦ ਕਰਦਿਆਂ ਵਾਅਦਾ ਕੀਤਾ ਕਿ ਆਉਂਦੇ ਸਮੇਂ ਕਰਵਾਉਣ ਵਾਲੀ ਕਾਨਫ਼ਰੰਸ ਵਿੱਚ ਸਿਹਤ ਨਾਲ ਸਬੰਧਿਤ ਇੱਕ ਸੈਸ਼ਨ ਜਰੂਰ ਰੱਖਿਆ ਜਾਵੇਗਾ। ਸੈਸ਼ਨ ਦੀ ਸਮਾਪਤੀ 'ਤੇ ਕਾਨਫ਼ਰੰਸਾਂ 'ਚ ਸ਼ਾਮਿਲ ਹੋਏ ਮਹਿਮਾਨਾਂ ਅਤੇ ਵੱਖ-ਵੱਖ ਦੇਸ਼ਾਂ ਤੋਂ ਆਏ ਨੁਮਾਇੰਦਿਆਂ ਦਾ ਸਨਮਾਨ ਕੀਤਾ ਗਿਆ। ਜਿਸ ਵਿੱਚ ਸੁਖਵਿੰਦਰ ਸਿੰਘ ਸੋਚ, ਬਲਵਿੰਦਰ ਸਿੰਘ ਚੱਠਾ, ਤ੍ਰਿਪਤਾ ਸੋਢੀ, ਰਮਿੰਦਰ ਵਾਲੀਆ ਪਿਆਰਾ ਸਿੰਘ ਕੁੱਦੋਵਾਲ, ਗੁਰਦਰਸ਼ਨ ਸਿੰਘ ਸੀਰਾ, ਸੁਰਿੰਦਰ ਮਕਸੂਦਪੁਰੀ, ਹੈਪੀ ਮਾਂਗਟ,( ਮਾਂਗਟ ਪਰਿਵਾਰ) , ਡਾ. ਸਾਈਮਾ ਇਰਮ, ਗੁਰਵੀਰ ਸਿੰਘ ਸਰੌਂਦ, ਡਾ. ਡਾਕਟਰ ਸਤਨਾਮ ਸਿੰਘ ਜੱਸਲ, ਡਾ. ਨਬੀਲਾ ਰਹਿਮਾਨ, ਡਾ. ਆਸਾ ਸਿੰਘ ਘੁੰਮਣ , ਸੁਖਵਿੰਦਰ ਸਿੰਘ ਅਰੋੜਾ, ਅਮਰਜੀਤ ਸਿੰਘ ਚਾਹਲ, ਹਕੂਮਤ ਸਿੰਘ ਮੱਲੀ, ਹਰਕਿਰਨ ਕੌਰ ਸੰਧੂ , ਅਮਰੀਕ ਸਿੰਘ ਸੰਘਾ ਤੇ ਸਰਦਾਰ ਰਠੌਰ ਦੇ ਨਾਮ ਸ਼ਾਮਿਲ ਹਨ। ਪਾਕਿਸਤਾਨ ਤੋਂ ਆਏ ਡਾ. ਸਾਈਮਾ ਇਰਮ ਤੇ ਡਾ. ਸ਼ਾਹਿਦ ਇਕਬਾਲ ਨੇ ਪ੍ਰਬੰਧਕ ਕਮੇਟੀ ਨੂੰ ਸਨਮਾਨ ਵਜੋਂ ਕੀਮਤੀ ਦੁਸ਼ਾਲੇ ਭੇਟ ਕੀਤੇ।

ਸਮਾਪਤੀ ਸਮਾਰੋਹ ਦੇ ਸੈਸ਼ਨ ਦੀ ਪ੍ਰਧਾਨਗੀ ਚੇਅਰਮੈਨ ਅਜੈਬ ਸਿੰਘ ਚੱਠਾ ਨੇ ਕੀਤੀ। ਇਸ ਸੈਸ਼ਨ ਵਿੱਚ ਮਹਿਮਾਨ ਵਜੋਂ ਡਾ. ਨਬੀਲਾ ਰਹਿਮਾਨ ਸਾਬਕਾ ਉਪ ਕੁਲਪਤੀ ਝੰਗ ਯੂਨੀਵਰਸਿਟੀ ਪਾਕਿਸਤਾਨ, ਡਾ. ਸਤਨਾਮ ਜੱਸਲ, ਸਾਬਕਾ ਪ੍ਰੋਫ਼ੈਸਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਰੀਜ਼ਨਲ ਸੈਂਟਰ ਬਠਿੰਡਾ ਅਤੇ ਗੁਰਵੀਰ ਸਿੰਘ ਸਰੌਂਦ ਸ਼ਾਮਿਲ ਹੋਏ। ਡਾ. ਨਵੀਲਾ ਰਹਿਮਾਨ ਨੇ ਸ 10 ਵੀਂ ਵਰਲਡ ਪੰਜਾਬੀ ਕਾਨਫ਼ਰੰਸ 'ਤੇ ਵਧਾਈ ਦਿੰਦਿਆਂ ਸਮੁੱਚੀ ਟੀਮ ਦੀ ਪ੍ਰਸ਼ੰਸਾ ਕੀਤੀ। ਪੰਜਾਬੀ ਅਤੇ ਪੰਜਾਬੀਅਤ ਲਈ ਪਾਕਿਸਤਾਨ 'ਚ ਕੀਤੇ ਗਏ ਕਾਰਜਾਂ ਬਾਰੇ ਰੇ ਚਾਨਣਾ ਪਾਇਆ। ਗੁਰਵੀਰ ਸਿੰਘ ਸਰੌਂਦ ਨੇ ਕਾਨਫਰੰਸ ਦੀ ਸਮੁੱਚੀ ਰਿਪੋਰਟ ਪੇਸ਼ ਕੀਤੀ ਅਤੇ ਧੰਨਵਾਦੀ ਭਾਸ਼ਣ ਡਾ. ਸਤਨਾਮ ਸਿੰਘ ਜੱਸਲ ਨੇ ਦਿੱਤਾ।

ਚੇਅਰਮੈਨ ਅਜੈਬ ਸਿੰਘ ਚੱਠਾ ਵੱਲੋਂ ਧੰਨਵਾਦੀ ਭਾਸ਼ਣ ਤੋਂ ਬਾਅਦ ਸਮੁੱਚੀ ਕਾਨਫਰੰਸ ਵਿੱਚ ਹੋਈਆਂ ਵਿਚਾਰਾਂ ਦੇ ਆਧਾਰ 'ਤੇ ਪੰਜ ਮਤੇ ਪੇਸ਼ ਕੀਤੇ ਜਿਨਾਂ ਨੂੰ ਕਾਨਫ਼ਰੰਸ ਦੇ ਭਰੇ ਹਾਲ ਵਿੱਚ ਸਮੂਹਿਕ ਤੌਰ ਪ੍ਰਵਾਨਗੀ ਦਿੱਤੀ ਗਈ ਇਹ ਮਤੇ ਕ੍ਰਮਵਾਰ ਪਹਿਲਾ ਮਤਾ ਸਿੱਖਿਆ ਨੀਤੀ ਤਹਿਤ ਨੈਤਿਕਤਾ ਨੂੰ ਵਿਸ਼ੇ ਵਜੋਂ ਵਿਦਿਆਰਥੀਆਂ ਨੂੰ ਪੜ੍ਹਾਇਆ ਜਾਵੇ। ਦੂਜਾ ਮਤਾ ਹਰੇਕ ਸਰਕਾਰੀ ਕਰਮਚਾਰੀ ਤੋਂ ਸਾਲ ਵਿੱਚ ਇੱਕ ਵਾਰ ਗੁਰਮੁਖੀ ਦੇ 35 ਅੱਖਰ ਸੁਣੇ ਜਾਣ ਅਤੇ ਲਿਖਵਾਏ ਜਾਣ। ਤੀਜਾ ਮਤਾ ਪੰਜਾਬੀ ਨਾਇਕਾਂ ਦੀ ਸ਼ਨਾਖਤ ਕੀਤੀ ਜਾਵੇ ਅਤੇ ਇਸ ਨੂੰ ਦਸਤਾਵੇਜੀ ਰੂਪ ਵਿੱਚ ਭਵਿੱਖ ਲਈ ਸੰਭਾਲਿਆ ਜਾਵੇ। ਚੌਥਾ ਮਤਾ ਕਿੱਤਾ ਮੁਖੀ ਸਿੱਖਿਆ ਮਾਤ ਭਾਸ਼ਾ ਵਿੱਚ ਹੀ ਕਰਵਾਈ ਜਾਵੇ ਤਾਂ ਜੋ ਵਿਦਿਆਰਥੀ ਇਸ ਨੂੰ ਆਸਾਨੀ ਨਾਲ ਸਮਝ ਸਕਣ। ਪੰਜਵਾਂ ਮਤਾ ਪੰਜਾਬੀ ਭਾਸ਼ਾ ਨੂੰ ਰੁਜ਼ਗਾਰ ਦੀ ਭਾਸ਼ਾ ਵਜੋਂ ਪ੍ਰਫੁੱਲਿਤ ਕਰਨ ਹਿੱਤ ਕਾਨੂੰਨ, ਡਾਕਟਰੀ ਅਤੇ ਵਿਗਿਆਨ ਦੀ ਸਿੱਖਿਆ ਗੁਰਮੁਖੀ ਵਿੱਚ ਦਿੱਤੀ ਜਾਵੇ ਅਤੇ ਪੰਜਾਬ ਵਿੱਚ ਸਰਕਾਰੀ ਨੌਕਰੀ ਵਿੱਚ ਪਹਿਲ ਦਿੱਤੀ ਜਾਵੇ ਵਰਣਨਯੋਗ ਹਨ।

Edit with WPS Office

ਤਾਹਿਰ ਅਸਲਮ ਗੋਰਾ ਅਤੇ ਹਲੀਮਾ ਸਾਦੀਆ ਨੇ ਸੰਗੀਤਕ ਸੈਸ਼ਨ ਦੀ ਪ੍ਰਧਾਨਗੀ ਕੀਤੀ। ਕਾਨਫ਼ਰੰਸ ਦੀ ਕਾਮਯਾਬੀ ਦਾ ਜਸ਼ਨ ਢੋਲ ਦੇ ਡੱਗੇ 'ਤੇ ਸਮੁੱਚੇ ਹਾਲ ਵਿੱਚ ਬੈਠੇ ਦਰਸ਼ਕਾਂ ਨੇ ਆਪਣੀ ਖੁਸ਼ੀ ਦਾ ਇਜ਼ਹਾਰ ਕਰਕੇ ਕੀਤਾ।

ਆਖ਼ਿਰ ਵਿੱਚ ਕਾਨਫਰੰਸ ਦੇ ਸਰਪ੍ਰਸਤ ਅਮਰ ਸਿੰਘ ਭੁੱਲਰ, ਚੇਅਰਮੈਨ ਅਜੈਬ ਸਿੰਘ ਚੱਠਾ, ਪ੍ਰਧਾਨ ਤਰਲੋਚਨ ਸਿੰਘ ਅਟਵਾਲ, ਸੈਕਟਰੀ ਡਾਕਟਰ ਸੰਤੋਖ ਸਿੰਘ ਸੰਧੂ, ਜਗਤ ਪੰਜਾਬੀ ਸਭਾ ਦੇ ਪ੍ਰਧਾਨ ਸਰਦੂਲ ਸਿੰਘ ਥਿਆੜਾ ਪੱਬਪਾ ਦੇ ਪ੍ਰਧਾਨ ਡਾਕਟਰ ਰਮਨੀ ਬੱਤਰਾਉ,  ਮੀਤ ਪ੍ਰਧਾਨ ਬਲਵਿੰਦਰ ਕੌਰ ਚੱਠਾ, ਵੱਲੋਂ ਸਮੁੱਚੀ ਕਾਨਫ਼ਰੰਸਾਂ ਦੀ ਕਾਮਯਾਬੀ ਲਈ ਹਰ ਉਸ ਵਿਅਕਤੀ ਦਾ ਧੰਨਵਾਦ ਕੀਤਾ ਜਿਨ੍ਹਾਂ ਇਸ ਕਾਨਫ਼ਰੰਸ ਨੂੰ ਕਾਮਯਾਬ ਬਣਾਉਣ ਵਿੱਚ ਆਪਣਾ ਅਹਿਮ ਯੋਗਦਾਨ ਪਾਇਆ। ਆਖ਼ਿਰ ਇਤਿਹਾਸਿਕ ਪੈੜਾ ਸਥਾਪਿਤ ਕਰਦੀ ਹੋਈ 10 ਵੀਂ ਵਰਲਡ ਪੰਜਾਬੀ ਕਾਨਫ਼ਰੰਸ ਕਾਨਫਰੰਸ ਸਮਾਪਤ ਹੋਈ।

Edit with WPS Office